Roll No. ........................ Total Pages : 6

# 3930/ML

**X–23/2051**

**PUNJABI COMPULSORY**

Paper–423

Semester–IV

Time Allowed : 3 Hours] [Maximum Marks : 75

## ਭਾਗ-ੳ

1. ਹੇਠ ਲਿਖੀ ਕਿਸੇ **ਇਕ** ਕਵਿਤਾ ਦਾ ਵਿਸ਼ਾ ਵਸਤੂ/ਸਾਰ ਲਿਖੋ: 12

   (ੳ) ਬਸੰਤ

   (ਅ) ਹਵਾ ਦਾ ਜੀਵਨ

   (ੲ) ਘਰ-ਵਸਤਰ।



2. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 2×6=12

   (ੳ) ਡਾਲੀ ਨਾਲੋਂ ਤੋੜ ਨਾ ਸਾਨੂੰ, ਅਸਾਂ ਹੱਟ ਮਹਿਕ ਦੀ ਲਾਈ।
   ਲੱਖ ਗਾਹਕ ਜੇ ਸੁੰਘੇ ਆ ਕੇ' ਖਾਲੀ ਇਕ ਨਾ ਜਾਈ।
   ਤੂੰ ਜੇ ਇਕ ਤੋੜ ਕੇ ਲੈ ਗਿਉਂ, ਇਕ ਜੋਗਾ ਰਹਿ ਜਾਸਾਂ।
   ਉਹ ਵੀ ਪਲਕ ਝਲਕ ਦਾ ਮੇਲਾ, ਰੂਪ ਮਹਿਕ ਨੱਸ ਜਾਈ।

   (ਅ) ਦੇਸ਼ ਦਾ ਚਾਨਣ ਜਗਦੇ ਦੀਵੇ,
   ਮਰੇ ਨਹੀਂ, ਉਹ ਜਾਣੇ ਜੀਵੇ।
   ਮੰਨੇ ਜਾਣ ਬਹਾਦਰ ਬੀਰ,
   ਵਤਨ ਲਈ ਜੋ ਲਾਣ ਸਰੀਰ।
   ਭਗਤ ਸਿੰਘ ਨੇ ਮਿੰਦੜੀ ਲਾਈ,
   ਕਰਦੀ ਉਸ ਨੂੰ ਯਾਦ ਲੁਕਾਈ।
   ਜੱਸ ਕਰਦਾ ਉਸ ਦਾ ਜਗ ਸਾਰਾ,
   ਚਮਕ ਰਿਹਾ ਮਾਨੋ ਧਰੂ ਤਾਰਾ।

   (ੲ) ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੋ,
   ਮੁਸਕਰਾਂਦੀ ਆ ਕੇ ਬਣਵਾਇਆ ਕਰੋ।

ਮੇਰੇ ਪੁੱਛਣ ਤੇ ਕਿ 'ਟੁੱਟਾ ਕਿਸ ਤਰ੍ਹਾਂ?'
ਪਾ ਕੇ ਵਲ ਗਰਦਨ ਨੂੰ ਸਰਮਾਇਆ ਕਰੇ।
ਮੇਰੇ ਸਿਰ ਸਾਇਆ ਕਰੇ ਖ਼ੁਸ਼ਬੂ ਦੀ ਸਾਖ,
ਉਹ, ਜੋ ਉਸ ਦੇ ਮੂੰਹ 'ਤੇ ਲਹਿਰਾਇਆ ਕਰੇ।
ਆਣ ਤੋਂ ਪਹਿਲਾਂ ਭਰੇ ਨਾਜ਼ੁਕ ਤੁਨੀਰ,
ਹੋਰ ਵੀ ਨੈਣਾਂ ਨੂੰ ਸੁਰਮਾਇਆ ਕਰੇ।
ਜੀ, ਜ਼ਰਾ ਜੋੜੋ ਇਹ ਟੁੱਟਦਾ ਏ ਪਿਆ,
ਮੱਧ ਭਰੇ ਬੋਲਾਂ ਤੋਂ ਨਸ਼ਿਤਾਇਆ ਕਰੇ।
ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੋ।

(ਸ) ਤੇਰਾ ਵਸਦਾ ਰਹੇ ਪੰਜਾਬ
ਓ ਸ਼ੇਰਾ ਜਾਗ।
ਓ ਜੱਟਾ ਜਾਗ।
ਅੱਗ ਲਾਉਣ ਕੋਈ ਤੇਰੇ ਗਿੱਧਿਆਂ ਨੂੰ ਆ ਗਿਆ।
ਸੱਪਾਂ ਦੀਆਂ ਪੀਂਘਾਂ ਤੇਰੇ ਪਿੱਪਲਾਂ 'ਤੇ ਪਾ ਗਿਆ।
ਤਿੰਵਣਾਂ 'ਚ ਕੱਤਦੀ ਦਾ ਰੂਪ ਕੋਈ ਖਾ ਗਿਆ।



ਤੇਰੇ ਵਿਹੜੇ ਵਿੱਚ ਫਿਰਦੇ ਨੇ ਨਾਗ।
ਓ ਸ਼ੇਰਾ ਜਾਗ।
ਓ ਜੱਟਾ ਜਾਗ।

## ਭਾਗ-ਅ

3. ਅੰਗਰੇਜ਼ੀ ਪੈਰ੍ਹੇ ਦਾ ਪੰਜਾਬੀ ਵਿਚ ਅਨੁਵਾਦ ਕਰੋ: 9

The Status of Women in India has undergone gradual change. Earlier Women was confined to the house and looked after the household affairs only. But now they have stepped out of the threshold of the house and are working shoulders to shoulder with men in every sphere of life. We have had a women Prime Minister Mrs. Indira Gandhi. We have women Scientists, doctors, engineers, pilots, teachers and officers so one.

4. ਕੋਈ **ਇਕ** ਪ੍ਰਸ਼ਨ ਕਰੋ: 12

(ੳ) ਗਰੁਮੁੱਖੀ ਲਿੱਪੀ ਦੇ ਇਤਿਹਾਸ 'ਤੇ ਚਾਨਣਾ ਪਾਓ।

(ਅ) ਪੰਜਾਬੀ ਸ਼ਬਦ ਜੋੜਾਂ ਦੀਆਂ ਸਮੱਸਿਆਵਾਂ ਉੱਤੇ ਨੋਟ ਲਿਖੋ।

## ਭਾਗ-ੲ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 15×2=30

(i) ਕਵੀ ਅਨੁਸਾਰ ਸਮੇਂ ਨੂੰ ਕਿਸ ਤਰ੍ਹਾਂ ਸਫ਼ਲ ਕਰਨਾ ਚਾਹੀਦਾ ਹੈ?

(ii) ਦੁਨੀਆ ਦਾ ਦੁੱਖ ਦੇਖ ਕੇ ਕਵੀਂ ਕੀ ਮਹਿਸੂਸ ਕਰਦਾ ਹੈ?

(iii) 'ਲੀਡਰੀ ਦੀ ਫਿੱਕ' ਕਵਿਤਾ ਵਿਚ ਕਾਵਿ-ਰਸ ਮਾਣਨ ਲਈ ਕੀ ਕੁਝ ਤਿਆਗਣਾ ਪੈਂਦਾ ਹੈ?

(iv) ਖ਼ਾਨਗਾਹ ਉੱਤੇ ਦੀਵਾ ਜਗਾਉਣ ਦਾ ਕੁੜੀ ਉੱਤੇ ਕੀ ਅਸਰ ਹੋਇਆ ਹੈ?

(v) 'ਉਸ ਦਾ ਹਾਰ' ਕਵਿਤਾ ਵਿਚ ਕਵੀ ਮੁਹੱਬਤ ਤੋਂ ਕੀ ਇੱਛਾ ਕਰਦਾ ਹੈ?

(vi) 'ਬਨਬਾਸ' ਕਵਿਤਾ ਵਿਚ ਬਾਬਲ ਕਿਉਂ ਉਦਾਸ ਹੈ?

(vii) 'ਪ੍ਰਾਹਣੀ' ਕਵਿਤਾ ਵਿਚ ਧੀ ਨੂੰ ਜਨਮ ਦੇਣ ਵਾਲੀ ਮਾਂ ਕਿਉਂ ਸ਼ਰਮਿੰਦੀ ਹੈ?

(viii) ਕਿਹੜੀਆਂ ਦੋ ਘਿਨਾਉਣੀਆਂ ਘਟਨਾਵਾਂ ਦੇਖ ਕੇ ਬੁੱਤ ਹੈਰਾਨ ਖੜ੍ਹਾ ਸੀ?



(ix) 'ਹ' ਅੱਖਰ ਦੀ ਪੰਜਾਬੀ ਸ਼ਬਦ ਜੋੜ ਵਿਚ ਕੀ ਸਮੱਸਿਆ ਹੈ?

(x) ਬਿੰਦੀ ਦੀ ਵਰਤੋਂ ਕਿੰਨ੍ਹਾਂ ਸਵਰਾਂ ਨਾਲ ਹੁੰਦੀ ਹੈ?

(xi) ਪੰਜਾਬੀ ਵਿਚਲੇ ਦਸ ਸਵਰ ਅੱਖਰ ਲਿਖੋ।

(xii) ਸ਼ਬਦਾਂ ਦੇ ਤਤਸਮ ਰੂਪਾਂ ਬਾਰੇ ਤੁਸੀਂ ਕੀ ਜਾਣਦੇ ਹੋ?

(xiii) ਗੁਰਮੁਖੀ ਵਿਚ ਕਿਹੜੇ ਅੱਖਰ ਨਵੇਂ ਸ਼ਾਮਲ ਕੀਤੇ ਗਏ ਹਨ?

(xiv) ਪੰਜਾਬੀ ਭਾਸ਼ਾ ਨੂੰ ਕਿਹੜੀ ਲਿੱਪੀ ਵਿਚ ਲਿਖਿਆ ਜਾਂਦਾ ਹੈ?

(xv) ਹੇਠ ਲਿਖੇ ਸ਼ਬਦਾਂ ਦੇ ਸ਼ੁੱਧ ਸ਼ਬਦ ਜੋੜ ਲਿਖੋ:

ਪਯਾਰਾ, ਮੰਦਿਰ, ਗਿਯਾਨੀ, ਇਮਤਿਆਨ।